ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ

ਸਮੱਗਰ ਸਿੱਖਿਆ ਅਭਿਆਨ (ਪੰਜਾਬ)

ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)

ਪੰਜਾਬ ।

ਮੀਮੋ ਨੰ: 2023 / ਐਨ.ਐਸ.ਕਿਉ.ਐਫ (286936)/ 47017 ਮਿਤੀ: 17/06/2023

ਵਿਸ਼ਾ:- ਸਾਲ 2022-23 ਦੀ 12ਵੀਂ ਜਮਾਤ ਦੇ ਚੁਣੇ ਗਏ ਵਿਦਿਆਰਥੀਆਂ ਨੂੰ 2 ਮਹੀਨੇ ਦੀ ਪ੍ਰੋਫੈਸ਼ਨਲ ਟ੍ਰੇਨਿੰਗ ਕਰਾਉਣ ਲਈ ਭੇਜੀ ਗਈ ਗ੍ਰਾਂਟ ਸਬੰਧੀ ਹਦਾਇਤਾਂ।

1.0 ਵੋਕੇਸ਼ਨਲ ਟ੍ਰੇਨਰਾਂ ਤੋਂ ਇਕੱਤਰ ਕੀਤੇ ਗਏ ਡਾਟੇ ਅਨੁਸਾਰ ਉਪਰੋਕਤ ਵਿਸ਼ਾ ਅਧੀਨ ਗਤੀਵਿਧੀ ਲਈ ਹੇਠ ਦਿੱਤੇ ਟੇਬਲ ਅਨੁਸਾਰ ਆਪ ਦੇ ਜ਼ਿਲੇ ਨੂੰ ਗ੍ਰਾਂਟ ਭੇਜੀ ਗਈ ਹੈ:-

| S. No. | Name Of District | No of students | @Rs. 2500 per Head | Total amount to be disbursed to the districts |
|---|---|---|---|---|
| 1 | Amritsar | 261 | 2500 | 652500 |
| 2 | Barnala | 72 | 2500 | 180000 |
| 3 | Bathinda | 179 | 2500 | 447500 |
| 4 | Faridkot | 90 | 2500 | 225000 |
| 5 | Fatehgarh Sahib | 111 | 2500 | 277500 |
| 6 | Fazilka | 117 | 2500 | 292500 |
| 7 | Ferozepur | 131 | 2500 | 327500 |
| 8 | Gurdaspur | 183 | 2500 | 457500 |
| 9 | Hoshiarpur | 158 | 2500 | 395000 |
| 10 | Jalandhar | 232 | 2500 | 580000 |
| 11 | Kapurthala | 132 | 2500 | 330000 |
| 12 | Ludhiana | 153 | 2500 | 382500 |
| 13 | Malerkotla | 22 | 2500 | 55000 |
| 14 | Mansa | 201 | 2500 | 502500 |
| 15 | Moga | 140 | 2500 | 350000 |
| 16 | Muktsar Sahib | 181 | 2500 | 452500 |
| 17 | Pathankot | 83 | 2500 | 207500 |
| 18 | Patiala | 204 | 2500 | 510000 |
| 19 | Rupnagar | 140 | 2500 | 350000 |
| 20 | Sangrur | 161 | 2500 | 402500 |
| 21 | SAS Nagar (Mohali) | 95 | 2500 | 237500 |
| 22 | SBS Nagar | 110 | 2500 | 275000 |
| 23 | Tarn Taran | 96 | 2500 | 240000 |
| | | **3252** | | **8130000** |

2.0 ਉਕਤ ਗ੍ਰਾਂਟ ਇਸ ਸਾਲ 12ਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਵਿੱਚੋਂ ਚੁਣੇ ਗਏ ਵਿਦਿਆਰਥੀਆਂ ਨੂੰ ਉਹਨਾਂ ਦੇ ਰੁਝਾਨ ਅਨੁਸਾਰ 2 ਮਹੀਨੇ ਦੀ ਪ੍ਰੋਫੈਸ਼ਨਲ ਟ੍ਰੇਨਿੰਗ ਦਵਾਉਣ ਤੇ ਖਰਚੀ ਜਾਣੀ ਹੈ।

ਪਰੇ ਜੀ..

3.0 ਵਿਭਾਗ ਵੱਲੋਂ ਆਪ ਨੂੰ 1250/- ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ **(2 ਮਹੀਨਿਆਂ ਲਈ ਕੁੱਲ ਰਕਮ 2500/- ਰੁਪਏ)** ਦੀ ਗ੍ਰਾਂਟ ਭੇਜੀ ਗਈ ਹੈ। ਜਿਸ ਦੁਕਾਨ/ ਅਦਾਰੇ ਵਿੱਚ ਵਿਦਿਆਰਥੀ ਦੀ Professional training ਲਗਾਈ ਜਾਣੀ ਹੈ, ਉਸ ਦੁਕਾਨ/ਅਦਾਰੇ ਵੱਲੋਂ ਵਿਦਿਆਰਥੀ ਨੂੰ 1250/- ਰੁਪਏ ਪ੍ਰਤੀ ਮਹੀਨਾ matching countribution ਵੱਜੋਂ stipend ਦੇਣਾ ਲਾਜ਼ਮੀ ਹੋਵੇਗਾ ਤਾਂ ਜੋ ਵਿਦਿਆਰਥੀ ਨੂੰ Professional training ਦੌਰਾਨ ਹਰ ਮਹੀਨੇ ਕੁੱਲ 2500/- ਰੁਪਏ stipend ਮਿਲ ਸਕੇ।

4.0 ਵਿਦਿਆਰਥੀਆਂ ਦੀ ਚੋਣ ਉਹਨਾਂ ਦੇ aptitude ਅਨੁਸਾਰ ਕੀਤੀ ਜਾਵੇ। ਸਬੰਧਤਾਂ ਨਾਲ ਹੋਈਆਂ Zoom ਮੀਟਿੰਗਾਂ ਦੇ ਵਿੱਚ ਵਿਦਿਆਰਥੀਆਂ ਦੀ ਚੋਣ ਪ੍ਰਕਿਰਿਆ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾ ਚੁੱਕੀ ਹੈ। **(ਹਰ ਵੋਕੇਸ਼ਨਲ ਟ੍ਰੇਨਰ (VT) ਆਪਣੀ ਜਮਾਤ ਦੇ ਉਹੀ 2 ਵਿਦਿਆਰਥੀ Professional training ਲਈ ਚੁਣੇਗਾ ਜਿਹੜੇ 12ਵੀਂ ਜਮਾਤ ਤੋਂ ਬਾਅਦ ਇਸ ਟ੍ਰੇਨਿੰਗ ਲਈ ਇਛੁੱਕ ਹੋਣਗੇ।**

5.0 ਇਸੇ ਤਰ੍ਹਾਂ ਦੁਕਾਨ/ਅਦਾਰਾ ਉਹੀ ਚੁਣਿਆ ਜਾਵੇ ਜਿੱਥੇ Professional training ਦੇਣ ਲਈ ਜਗ੍ਹਾ (vacancy) ਹੋਵੇ ਅਤੇ ਉਹ Professional training ਦੇਣ ਲਈ ਇੱਛੁਕ ਹੋਵੇ। ਕਿਉਂਕਿ ਪ੍ਰੋਗਰਾਮ ਦੀ ਸਫਲਤਾ ਇਸੇ ਤੋਂ ਪਰਖੀ ਜਾਵੇਗੀ ਕਿ ਕਿਸ VTP ਦੇ ਕਿੰਨੇ ਵਿਦਿਆਰਥੀ ਪ੍ਰੋਫੈਸ਼ਨਲ ਟ੍ਰੇਨਿੰਗ ਪ੍ਰੋਗਰਾਮ ਤੋਂ ਬਾਅਦ ਸਬੰਧਤ ਦੁਕਾਨ/ਅਦਾਰੇ ਵਿੱਚ absorb ਹੋ ਗਏ।

6.0 ਇਸ ਕਾਰਜ ਲਈ ਚੁਣੇ ਗਏ ਵਿਦਿਆਰਥੀਆਂ ਤੋਂ consent ਫਾਰਮ ਭਰਵਾਉਣਾ ਯਕੀਨੀ ਬਣਾਇਆ ਜਾਵੇ।

7.0 ਇਸ ਕਾਰਜ ਦੀ ਤਿਆਰੀ ਤੁਰੰਤ ਸ਼ੁਰੂ ਕਰ ਦਿੱਤੀ ਜਾਵੇ ਅਤੇ 12ਵੀਂ ਦੀਆਂ ਸਲਾਨਾ ਪ੍ਰੀਖਿਆਵਾਂ ਮੁਕੰਮਲ ਹੋਣ ਉਪਰੰਤ ਇਹ ਪ੍ਰੋਫੈਸ਼ਨਲ ਟ੍ਰੇਨਿੰਗ ਅਪ੍ਰੈਲ-ਮਈ- ਜੂਨ ਵਿੱਚ ਕਰਵਾ ਦਿੱਤੀ ਜਾਵੇ। ਇਸ ਕਾਰਜ ਲਈ ਖਰਚਾ ਢੁੱਕਵੇਂ ਤਰੀਕੇ ਨਾਲ ਇਸ ਸਾਲ ਦੇ ਖਰਚਿਆਂ ਵਿੱਚ ਬੁੱਕ ਕਰ ਲਿਆ ਜਾਵੇ।

8.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਰਾਸ਼ੀ ਖਰਚ ਕਰਨ ਤੋਂ ਬਾਅਦ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

17/2/23

**ਸਹਾਇਕ ਡਾਇਰੈਕਟਰ (ਵੋਕੇਸ਼ਨਲ)**
**ਸਮੱਗਰ ਸਿੱਖਿਆ ਅਭਿਆਨ, ਪੰਜਾਬ।**

ਨੱਥੀ: Selected ਵਿਦਿਆਰਥੀਆਂ, ਸਕੂਲਾਂ ਅਤੇ ਕੰਪਨੀਆਂ ਦੀ ਸੂਚੀ।
(Email ਰਾਹੀਂ)